# The Delhi Regional Security Dialogue on Afghanistan (November 10, 2021)

November 08, 2021

---

## ਅਫਗਾਨਿਸਤਾਨ ਬਾਰੇ ਦਿੱਲੀ ਖੇਤਰੀ ਸੁਰੱਖਿਆ ਸੰਵਾਦ (10 ਨਵੰਬਰ, 2021)

**8 ਨਵੰਬਰ, 2021**

10 ਨਵੰਬਰ, 2021 ਨੂੰ ਭਾਰਤ "ਅਫਗਾਨਿਸਤਾਨ ਬਾਰੇ ਦਿੱਲੀ ਖੇਤਰੀ ਸੁਰੱਖਿਆ ਸੰਵਾਦ" ਦੀ ਮੇਜ਼ਬਾਨੀ ਕਰੇਗਾ। ਇਹ ਸੰਵਾਦ ਰਾਸ਼ਟਰੀ ਸੁਰੱਖਿਆ ਸਲਾਹਕਾਰਾਂ/ਸੁਰੱਖਿਆ ਕੌਂਸਲਾਂ ਦੇ ਸਕੱਤਰਾਂ ਦੇ ਪੱਧਰ 'ਤੇ ਕਰਾਇਆ ਜਾਵੇਗਾ ਅਤੇ ਇਸ ਦੀ ਪ੍ਰਧਾਨਗੀ ਰਾਸ਼ਟਰੀ ਸੁਰੱਖਿਆ ਸਲਾਹਕਾਰ ਸ਼੍ਰੀ ਅਜੀਤ ਡੋਵਾਲ ਕੇ.ਸੀ. ਕਰਨਗੇ। ਇਸ ਸੰਵਾਦ ਦੇ ਪਹਿਲੇ ਦੋ ਸੰਸਕਰਣ 2018 ਅਤੇ 2019 ਵਿੱਚ ਈਰਾਨ ਇਸਲਾਮਿਕ ਗਣਰਾਜ ਦੁਆਰਾ ਕਰਾਏ ਗਏ ਸਨ।

ਅਫਗਾਨਿਸਤਾਨ ਬਾਰੇ ਦਿੱਲੀ ਖੇਤਰੀ ਸੁਰੱਖਿਆ ਸੰਵਾਦ ਵਿੱਚ ਇਰਾਨ, ਕਜ਼ਾਕਿਸਤਾਨ, ਕਿਰਗਿਜ਼ ਗਣਰਾਜ, ਰੂਸ, ਤਜ਼ਾਕਿਸਤਾਨ, ਤੁਰਕਮੇਨਿਸਤਾਨ ਅਤੇ ਉਜ਼ਬੇਕਿਸਤਾਨ ਦੀ ਸ਼ਮੂਲੀਅਤ ਵੇਖਣ ਨੂੰ ਮਿਲੇਗੀ, ਜਿਨ੍ਹਾਂ ਦੀ ਨੁਮਾਇੰਦਗੀ ਉਨ੍ਹਾਂ ਦੇ ਸਬੰਧਤ ਰਾਸ਼ਟਰੀ ਸੁਰੱਖਿਆ ਸਲਾਹਕਾਰ/ਸੁਰੱਖਿਆ ਕੌਂਸਲਾਂ ਦੇ ਸਕੱਤਰ ਕਰਨਗੇ।

ਇਸ ਉੱਚ ਪੱਧਰੀ ਗੱਲਬਾਤ ਦੌਰਾਨ ਅਫਗਾਨਿਸਤਾਨ ਵਿੱਚ ਹੋਏ ਹਾਲੀਆ ਘਟਨਾਕ੍ਰਮ ਤੋਂ ਖੇਤਰ ਵਿੱਚ ਪੈਦਾ ਹੋਈ ਸੁਰੱਖਿਆ ਸਥਿਤੀ ਦੀ ਸਮੀਖਿਆ ਕੀਤੀ ਜਾਵੇਗੀ। ਇਸ ਸੰਵਾਦ ਵਿੱਚ ਸਬੰਧਤ ਸੁਰੱਖਿਆ ਚੁਣੌਤੀਆਂ ਨਾਲ ਨਜਿੱਠਣ ਅਤੇ ਸ਼ਾਂਤੀ, ਸੁਰੱਖਿਆ ਅਤੇ ਸਥਿਰਤਾ ਨੂੰ ਉਤਸ਼ਾਹਤ ਕਰਨ ਵਿੱਚ ਅਫਗਾਨਿਸਤਾਨ ਦੇ ਲੋਕਾਂ ਦੀ ਹਿਮਾਇਤ ਕਰਨ ਲਈ ਉਪਾਵਾਂ 'ਤੇ ਵਿਚਾਰ ਕੀਤਾ ਜਾਵੇਗਾ।

ਰਵਾਇਤੀ ਤੌਰ 'ਤੇ ਭਾਰਤ ਦੇ ਅਫਗਾਨਿਸਤਾਨ ਦੇ ਲੋਕਾਂ ਨਾਲ ਨਜ਼ਦੀਕੀ ਅਤੇ ਦੋਸਤਾਨਾ ਸਬੰਧਾਂ ਰਹੇ ਹਨ ਅਤੇ ਇਸਨੇ ਅਫ਼ਗਾਨਿਸਤਾਨ ਅੱਗੇ ਦਰਪੇਸ਼ ਸੁਰੱਖਿਆ ਅਤੇ ਮਨੁੱਖੀ ਚੁਣੌਤੀਆਂ ਨਾਲ ਨਜਿੱਠਣ ਲਈ ਇਕਜੁੱਟ ਅੰਤਰਰਾਸ਼ਟਰੀ ਪ੍ਰਤੀਕਰਮ ਦੀ ਅਪੀਲ ਕੀਤੀ ਹੈ। ਹੋਣ ਵਾਲੀ ਮੀਟਿੰਗ ਇਸ ਦਿਸ਼ਾ ਵੱਲ ਹੀ ਇੱਕ ਕਦਮ ਹੈ।

ਨਵੀਂ ਦਿੱਲੀ
8 ਨਵੰਬਰ, 2021

DISCLAIMER: This is an approximate translation. The original is available in English on MEA's website and may be referred to as the official press release.